# ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ

ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ (ਮਾਈਕਰੋਸਾਫਟ ਬਿਲਡਿੰਗ)

ਫੇਸ-3ਬੀ1, ਐਸ.ਏ.ਐਸ.ਨਗਰ।

Website: www.educationrecruitmentboard.com

---

## ਪਬਲਿਕ ਨੋਟਿਸ

ਮੀਮੋ ਨੰ: 5/1-2020 ਭਡ (1,3) ਮਿਤੀ: 27.10.2020

ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਵੱਲੋਂ ਮਿਤੀ 28-02-2020 ਨੂੰ 3704 ਮਾਸਟਰ/ਮਿਸਟ੍ਰੈਸ ਕਾਡਰ ਅਤੇ ਮਿਤੀ 06-03-2020 ਨੂੰ 2364 ਈ.ਟੀ.ਟੀ. ਅਧਿਆਪਕਾਂ ਦੀਆਂ ਪੋਸਟਾਂ ਭਰਨ ਸਬੰਧੀ ਵਿਗਿਆਪਨ ਦਿੱਤਾ ਗਿਆ ਸੀ। ਇਸ ਸਬੰਧੀ ਬਹੁਤ ਸਾਰੇ ਉਮੀਦਵਾਰਾਂ ਵੱਲੋਂ ਵਿਭਾਗ ਨੂੰ ਉਨ੍ਹਾਂ ਦੇ ਅਪਲਾਈ ਕੀਤੇ ਵੇਰਵਿਆਂ ਵਿੱਚ ਸੋਧ ਕਰਨ ਸਬੰਧੀ ਈ-ਮੇਲਜ਼/ਪ੍ਰਤੀਬੇਨਤੀਆਂ ਪ੍ਰਾਪਤ ਹੋ ਰਹੀਆਂ ਹਨ। ਇਸ ਲਈ ਵਿਭਾਗ ਵੱਲੋਂ ਮਿਤੀ 02-11-2020 ਨੂੰ ਦੁਪਹਿਰ 12.00 ਵਜੇ ਤੋਂ ਮਿਤੀ 03-11-2020 ਦੁਪਹਿਰ 12.00 ਵਜੇ ਤੱਕ ਉਮੀਦਵਾਰਾਂ ਦਾ ਡਾਟਾ ਅਨ-ਲਾਕ ਕਰ ਦਿੱਤਾ ਜਾਵੇਗਾ। ਉਮੀਦਵਾਰ ਆਪਣੇ ਵੇਰਵਿਆਂ ਵਿੱਚ ਇਸ ਸਮੇਂ ਦੌਰਾਨ ਸੋਧ ਕਰਕੇ ਡਾਟਾ ਲਾਕ/ਅਪਰੂਵ ਕਰਨਾ ਯਕੀਨੀ ਬਣਾਉਣਗੇ। **ਅਪਲਾਈ ਕੀਤੇ ਫਾਰਮ ਦਾ ਡਾਟਾ ਹਰੇਕ ਉਮੀਦਵਾਰ ਵੱਲੋਂ ਲਾਕ/ਅਪਰੂਵ ਕਰਨਾ ਲਾਜ਼ਮੀ ਹੋਵੇਗਾ।**

ਇਸ ਤੋਂ ਇਲਾਵਾ ਜੇਕਰ ਕਿਸੇ ਉਮੀਦਵਾਰ ਦੀ ਫੀਸ ਕਨਫਰਮ ਨਹੀਂ ਹੋਈ ਹੈ ਤਾਂ ਉਹ ਆਪਣਾ ਬੈਂਕ ਵਿੱਚ ਭਰਿਆ ਚਲਾਨ ਫਾਰਮ ਵਿਭਾਗ ਦੀ ਈ-ਮੇਲ ਆਈ.ਡੀ. challan@punjabeducation.gov.in ਤੇ ਭੇਜ ਸਕਦੇ ਹਨ।

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ।

Scanned by CamScanner